# 24ਵੇਂ ਤੀਰਥੰਕਰ



## ਵਰਧਮਾਨ ਭਗਵਾਨ ਮਹਾਵੀਰ

( 599-527 ਈ: ਪੂਰਵ )

A-1

# ਪੁਰਾਤਨ ਪੰਜਾਬ ਵਿਚ ਜੈਨ ਧਰਮ

ਅਤੇ

# ਭਗਵਾਨ ਮਹਾਵੀਰ ਪੁਸਤਕ ਦੀ ਪ੍ਰੇਰਿਕਾ



ਜੈਨ ਸਾਧਵੀ ਰਤਨ

**ਸ਼੍ਰੀ ਸਵਰਣ ਕਾਂਤਾ ਜੀ ਮਹਾਰਾਜ**

ਨੂੰ ਸਾਦਰ ਸਮਰਪਿਤ

A-2

ਅਰ੍ਹੰ

## ਪੁਰਾਤਨ ਪੰਜਾਬ ਵਿਚ

# ਜੈਨ ਧਰਮ



ਪ੍ਰੇਰਿਕਾ :

ਜਿਨ ਸ਼ਾਸਨ ਪ੍ਰਭਾਵਿਕਾ ਸਾਧਵੀ ਰਤਨ

## ਸ੍ਰੀ ਸਵਰਨ ਕਾਂਤਾ ਜੀ ਮਹਾਰਾਜ


ਲੇਖਕ :

ਰਵਿੰਦਰ ਕੁਮਾਰ ਜੈਨ ਪੁਰਸ਼ੋਤਮ ਜੈਨ



ਪ੍ਰਕਾਸ਼ਕ :

ਪੱਚੀਸਵੀਂ ਮਹਾਵੀਰ ਨਿਰਵਾਨ ਸ਼ਤਾਵਦੀ

ਸੰਯੋਜਿਕਾ ਸਮਿਤੀ, ਪੰਜਾਬ

ਵਿਮਲ ਕੋਲ ਡਿਪੂ, ਮਹਾਵੀਰ ਸਟਰੀਟ ਮਾਲੇਰ ਕੋਟਲਾ (ਸੰਗਰੂਰ)


A-3

# ਸਮੱਰਪਨ

ਭਗਵਾਨ ਮਹਾਵੀਰ ਦੀ ਸਾਧਵੀ ਪ੍ਰੰਪਰਾ ਦਾ ਆਦਰਸ਼ 25ਵੀਂ ਮਹਾਵੀਰ ਨਿਰਵਾਨ ਸ਼ਤਾਵਦੀ ਕਮੇਟੀ ਪੰਜਾਬ ਜੈਨ ਏਕਤਾ ਦੀ ਪ੍ਰਤੀਕ, ਇੰਟਰਨੇਸ਼ਨਲ ਪਾਰਵਤੀ ਜੈਨ ਐਵਾਰਡ ਅਤੇ ਪੰਜਾਬੀ ਜੈਨ ਸਾਹਿਤ ਦੀ ਪ੍ਰੇਰਿਕਾ ਪ੍ਰਸਿਧ ਇਤਿਹਾਸਕਾਰ, ਪੰਜਾਬੀ ਸਾਧਵੀ ਪ੍ਰੰਪਰਾ ਸ੍ਰੀ ਪਾਰਵਤੀ ਜੀ ਮਹਾਰਾਜ ਦੀ ਸ਼ਿਸ਼ ਪਰੰਪਰਾ ਨੂੰ ਅੱਗੇ ਤੋਰਨ ਵਾਲੀ, ਸ਼ਾਧਵੀ ਸ੍ਰੀ ਰਾਜਮਤੀ ਜੀ ਮਹਾਰਾਜ ਤੋਂ ਸ਼ਾਸਤਰਾਂ ਦਾ ਗਿਆਨ ਪ੍ਰਾਪਤ ਕਰਕੇ, ਲੇਖਕਾਂ ਦੀ ਜੀਵਨ ਨਿਰਮਾਤਾ ਗੁਰੁਣੀ, ਗਰੀਬਾਂ, ਮਜਲੂਮਾ, ਯਤੀਮਾਂ ਅਤੇ ਵਿਧਵਾਂ ਦੀ ਸਹਾਇਕ, ਸਮਾਜਿਕ ਬੁਰਾਇਆਂ ਪ੍ਰਤਿ ਜਾਗਰੂਕ, ਅਨੇਕਾਂ ਸੰਸਥਾਵਾਂ ਦੀ ਸੰਸਥਾਪਕ, ਅਨੇਕਾਂ ਭਾਸ਼ਾਵਾਂ ਦੀ ਵਿਦਵਾਨ, ਕਵਿ, ਲੇਖਿਕਾ ਸਾਧਵੀ ਰਤਨ ਜਿਨ ਸ਼ਾਸਨ ਪ੍ਰਭਾਵਿਕਾ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ

ਨੂੰ ਸਮਰਪਣ : ਸੇਵਕ

—ਰਵਿੰਦਰ ਜੈਨ, ਪੁਰਸ਼ੋਤਮ ਜੈਨ



# ਮੁੱਢਲੀ ਜਾਣ-ਪਹਿਚਾਣ

**—ਸ: ਸ਼ਮਸ਼ੇਰ ਸਿੰਘ 'ਅਸ਼ੋਕ'**

ਮੈਂ ਸ਼੍ਰੀ ਰਵਿੰਦਰ ਕੁਮਾਰ ਅਤੇ ਪੁਰਸ਼ੋਤਮ ਦਾਸ ਜੈਨ ਦੀ ਪਸਤਕ **"ਪੁਰਾਤਨ ਪੰਜਾਬ ਵਿਚ ਜੈਨ ਧਰਮ"** ਜੋ 250 ਸਫ਼ਿਆਂ ਦੀ ਹੈ, ਆਦਿ ਤੋਂ ਅੰਤ ਤਕ ਬੜੇ ਧਿਆਨ ਨਾਲ ਪੜ੍ਹੀ ਹੈ। ਇਹ ਇਸ ਸੰਬੰਧ ਵਿਚ ਆਪਣੀ ਕਿਸਮ ਦੀ ਇਕੋ ਇਕ ਇਤਿਹਾਸਿਕ ਪੜਚੋਲ ਹੋਣ ਕਰ ਕੇ, ਪੁਰਾਤਨ ਪੰਜਾਬ ਨਾਲ ਜੈਨ ਧਰਮ ਦੇ ਮੁੱਢਲੇ ਸੰਬੰਧਾਂ ਬਾਰੇ ਭਰਪੂਰ ਚਾਨਣਾ ਪਾਉਂਦੀ ਹੈ। ਵਿਦਵਾਨ ਲੇਖਕਾਂ ਨੇ ਇਸ ਨੂੰ ਬੜੇ ਕਲਾਤਮਕ ਢੰਗ ਨਾਲ ਚਾਰ ਭਾਗਾਂ ਵਿਚ ਵੰਡਿਆ ਹੈ। ਉਹ ਭਾਗ ਹਨ (1) ਤੀਰਥੰਕਰ ਯੁਗ (2) ਭਗਵਾਨ ਮਹਾਵੀਰ ਤੋਂ ਰਾਜਾ ਕੁਮਾਰ ਪਾਲ ਸੋਲੰਕੀ ਤਕ ਦਾ ਸਮਾਂ (3) ਮੁਗ਼ਲ ਕਾਲ ਵਿਚ ਜੈਨ ਧਰਮ ਦੀ ਸਥਿਤੀ ਤੇ (4) ਸਿੱਖ ਰਾਜ ਦੇ ਸਮੇਂ ਤੋਂ ਲੈ ਕੇ ਅੱਜ ਤਕ ਜੈਨ ਧਰਮ ਦੇ ਸਮਾਜਿਕ ਅੰਦੋਲਨ ਤੇ ਪਰਿਵਰਤਨ। ਇਸ ਤੋਂ ਪੰਜਾਬੀ ਪਾਠਕ ਸਹਿਜੇ ਹੀ ਇਸ ਗ੍ਰੰਥ ਦੀ ਅਹਿਮੀਅਤ ਦਾ ਸਹੀ ਅਨੁਮਾਨ ਲਗਾ ਸਕਦੇ ਹਨ।

ਇਸ ਪੁਸਤਕ ਦੇ ਸੰਕਲਨ ਵਿਚ ਵੈਦਿਕ, ਪੁਰਾਣਿਕ ਸਿਮ੍ਰਤੀ ਗ੍ਰੰਥਾਂ ਦੇ ਨਾਲ ਹੀ ਬੋਧੀ ਗ੍ਰੰਥਾਂ ਤੇ ਰਾਜ ਤਰੰਗਿਣੀ ਆਦਿ ਇਤਿਹਾਸਿਕ ਗ੍ਰੰਥਾਂ ਦੀ ਵੀ ਸਹਾਇਤਾ ਲਈ ਗਈ ਹੈ। ਫੇਰ ਜੈਨ ਸੂਤਰਾਂ ਦੇ ਮੁਤਾਬਿਕ, ਜਿਵੇਂ ਕਿ ਉਨ੍ਹਾਂ ਵਿਚ ਇਸ ਧਰਮ ਦੇ ਵਿਦਵਾਨ ਗਣਧਰਾਂ ਅਤੇ ਆਚਾਰੀਆਂ ਨੇ ਇਸ ਦੇਸ਼ ਦੇ ਹਰੇਕ ਸਥਾਨ ਤੇ ਪਰਯਟਨ ਕਰਕੇ ਉਥੋਂ ਦੇ ਰੀਤੀ-ਰਿਵਾਜਾਂ ਦੇ ਨਾਲ ਹੀ ਸਮਾਜਿਕ ਅਤੇ ਸੰਸਕ੍ਰਿਤਿਕ ਰਹਿਣ ਸਹਿਣ ਦਾ ਖ਼ਾਕਾ ਵੀ ਉਲੀਕਿਆ ਹੈ, ਇਸ ਪੁਸਤਕ ਦੀ ਤਿਆਰੀ ਵਿਚ ਉਨ੍ਹਾਂ ਦੇ ਵਿਚਾਰਾਂ ਨੂੰ ਬੜ ਖੋਜ ਭਰੇ ਢੰਗ ਨਾਲ ਮੂਰਤੀਮਾਨ ਕੀਤਾ ਹੈ।

ਪੁਰਾਤਨ ਪੰਜਾਬ ਦੀ ਇਤਿਹਾਸਿਕ ਰੂਪ-ਰੇਖਾ ਸਪਸ਼ਟ ਕਰਨ ਲਈ ਏਥੇ ਜਿਤਨੇ ਵੀ ਸ਼ਿਲਾ ਲੇਖ, ਮੂਰਤੀਆਂ, ਪੱਟਾਵਲੀਆਂ (ਕੁਰਸੀ ਨਾਮੇ), ਯਾਦ-ਦਾਸ਼ਤਾਂ, ਯਾਤਰਾ-ਵਿਵਰਣ, ਪੁਰਾਤਨ ਸਮਾਰਕਾਂ ਦੇ ਵੀ ਹਵਾਲੇ ਬੜੇ ਵਿਗਿਆਨਕ ਢੰਗ ਨਾਲ ਪੇਸ਼ ਕੀਤੇ ਹਨ।

ਪ੍ਰਾਚੀਨ ਜੈਨ ਰਾਜਿਆਂ ਨੇ ਸਮਰਾਟ ਚੰਦਰ ਗੁਪਤ ਮੌਰਯ ਤੋਂ ਲੈ ਕੇ 11ਵੀਂ-12ਵੀਂ ਸਦੀ ਤਕ ਜਿਤਨਾ ਵੀ ਸਮਾਜਿਕ ਸੁਧਾਰ ਤੇ ਧਰਮ ਪ੍ਰਚਾਰ ਕੀਤਾ ਤੇ ਇਥੋਂ ਦੇ ਲੋਕਾਂ ਨੂੰ ਸ਼ੈਵ ਤੇ ਸ਼ਾਕਤ ਸੰਪ੍ਰਦਾਵਾਂ ਦੇ ਹਿੰਸਾ ਪਰਕ ਸੁਭਾਉ ਤੋਂ ਭਲੀ ਪ੍ਰਕਾਰ ਜਾਣੂ ਕਰਾ ਕੇ ਬਚਾਇਆ, ਇਸਦਾ ਨਤੀਜਾ ਇਹ ਹੋਇਆ ਕਿ ਪੰਜਾਬ ਦੇ ਵੈਦਿਕ ਅਤੇ ਵੈਸ਼ਣਵ ਧਰਮਾਵਲੰਬੀ ਲੋਕ ਮਾਸ, ਸ਼ਰਾਬ ਆਦਿ ਅਯਾਸ਼ੀ ਦੇ ਪਰਤਵਾਰੇ ਤੋਂ ਪੂਰੀ ਤਰ੍ਹਾਂ ਬਚੇ

ਰਹੇ। ਪਸ਼ੂ ਬਲੀ, ਨਰ ਬਲੀ ਆਦਿ ਦੀ ਭੈੜੀ ਪ੍ਰਥਾ, ਜੋ ਇਨਸਾਨਾਂ ਨੂੰ ਹੈਵਾਨ ਬਣਾ ਰਹੀ ਸੀ, ਇਸ ਦੇਸ਼ ਤੋਂ ਹੁਣ ਤਕ ਸੌ ਕੋਹਾਂ ਦੂਰ ਰਹੀ।

ਜੈਨ ਧਰਮ ਜੋ ਕਿ ਇਕ ਅਹਿੰਸਾਵਾਦੀ ਧਰਮ ਹੈ, ਪੰਜਾਬ ਦੀ ਲੌਕਿਕ ਜ਼ਿੰਦਗੀ ਉੱਤੇ ਹਮੇਸ਼ਾ ਹਾਵੀ ਰਿਹਾ ਅਤੇ ਇਥੋਂ ਦੇ ਵੈਦਿਕ ਧਰਮੀ, ਵਿਸ਼ੇਸ਼ ਕਰ ਕੇ ਬ੍ਰਾਹਮਣ ਹਮੇਸ਼ਾ ਸ਼ੁੱਧ ਸ਼ਾਕਾਹਾਰੀ (ਫਲਾਹਾਰੀ) ਰਹੇ, ਹਾਲਾਂਕਿ ਇਨ੍ਹਾਂ ਦੇ ਮੁਕਾਬਲੇ ਤੇ ਪੰਜਾਬ ਤੋਂ ਛੁੱਟ ਦੇਸ਼ ਦੇ ਹੋਰ ਹਿੱਸਿਆਂ ਦੇ ਬ੍ਰਾਹਮਣ ਸ਼ਾਕਾਹਾਰੀ ਘੱਟ ਮਿਲਦੇ ਹਨ, ਜੋ ਕਿ ਪ੍ਰਾਚੀਨ ਪੰਜਾਬ ਵਿਚ ਜੈਨ ਧਰਮ ਦੇ ਇਸ ਮਾਨਵੀ ਪ੍ਰਚਾਰ ਦਾ ਇਕ ਖ਼ਾਸ ਸਿੱਟਾਂ ਹੈ।

ਜੈਨ ਧਰਮ ਦੇ ਤਿੰਨ ਤੀਰਥੰਕਰ (1) ਸ਼ਾਂਤੀ ਨਾਥ (2) ਕੁੰਥੂ ਨਾਥ ਅਤੇ (3) ਅਰਹਨ ਨਾਥ ਕੁਰੂ ਦੇਸ਼ ਦੀ ਰਾਜਧਾਨੀ ਹਸਤਨਾਪੁਰ ਦੇ ਜੰਮ ਪਲ ਅਤੇ ਇਥੋਂ ਦੇ ਹੀ ਭੂਪਤਿ (ਮਹਾਰਾਜੇ) ਸਨ। ਪਹਿਲੇ ਤੀਰਥੰਕਰ ਰਿਖਭ ਦੇਵ ਦਾ ਸਭ ਤੋਂ ਛੋਟਾ ਪੁਤਰ ਬਾਹੂ ਬਲੀ, ਜਿਸ ਦੇ ਨਾਂ ਤੋਂ ਬਹਾਵਲ ਪੁਰ ਆਬਾਦ ਹੋਇਆ ਮੰਨਿਆ ਜਾਂਦਾ ਹੈ, ਗੰਧਾਰ ਦੇਸ਼ ਦਾ ਮਹਾਰਾਜਾ ਸੀ ਅਤੇ ਉਸ ਦੀ ਰਾਜਧਾਨੀ ਪੱਛਮੀ ਪੰਜਾਬ ਦਾ ਪ੍ਰਸਿਧ ਨਗਰ ਤਕਸ਼ ਸ਼ਿਲਾ (ਟੈਕਸਿਲਾ) ਸੀ। 23ਵੇਂ ਤੀਰਥੰਕਰ ਪਾਰਸ਼ ਨਾਥ ਅਪਣੇ ਧਰਮ ਪ੍ਰਚਾਰ ਸਮੇਂ ਕਸ਼ਮੀਰ, ਗੰਧਾਰ ਅਤੇ ਪੁਰੂ ਦੇਸ਼ (ਰਾਜਾ ਪੋਰਸ ਦੀ ਰਾਜਧਾਨੀ) ਵਿਚ ਘੁੰਮੇ ਸਨ। ਉਨ੍ਹਾਂ ਦਾ ਜਨਮ ਈਸਾ ਤੋਂ 777 ਵਰ੍ਹੇ ਪਹਿਲਾਂ ਬਨਾਰਸ ਦੇ ਰਾਜਾ ਅਸ਼੍ਵ ਸੈਨ ਦੇ ਘਰ ਰਾਣੀ ਵਾਮਾ ਦੇਵੀ ਦੇ ਉਦਰੋਂ ਹੋਇਆ ਸੀ। ਅੰਤਿਮ ਤੇ 24ਵੇਂ ਤੀਰਥੰਕਰ ਭਗਵਾਨ ਮਹਾਵੀਰ (ਈ: ਪੂ: 599-527) ਪੰਜਾਬ ਵਿਚ ਕਈ ਵਾਰ ਆਏ ਸਨ। ਇਨ੍ਹਾਂ ਬਾਰੇ ਲੇਖਕਾਂ ਨੇ ਪੁਰਾਤਨ ਜੈਨ ਆਗਮ ਭਗਵਤੀ ਵਿਪਾਕ ਸੂਤਰ ਅਤੇ ਅਵਸ਼ਯਕ ਚੂਰਣੀ ਦੇ ਹਵਾਲੇ ਦਿਤੇ ਹਨ। ਭਗਵਾਨ ਮਹਾਵੀਰ ਪੰਜਾਬ ਦੇ ਹਸਤਨਾ ਪੁਰ, ਰੋਹਤਕ, ਥਾਨੇਸਰ, ਮੋਗਾ ਆਦਿ ਨਗਰਾਂ ਵਿਚ ਵੀ ਧਰਮ ਪ੍ਰਚਾਰ ਲਈ ਘੁੰਮੇ ਸਨ। ਇਸ ਦੇ ਨਾਲ ਹੀ ਉਹ ਸ਼੍ਵੇਤਾਂਬਿਕਾ (ਵਰਤਮਾਨ ਸਿਆਲਕੋਟ) ਵਿਖੇ ਵੀ ਪਧਾਰੇ ਸਨ ਜੋ ਕਿ ਜੈਨ ਗ੍ਰੰਥਾਂ ਅਨੁਸਾਰ ਉਸ ਸਮੇਂ ਅਰਧ ਕੈਕੇਯ ਦੇਸ਼ (ਪੱਛਮੀ ਪੰਜਾਬ) ਦੀ ਰਾਜਧਾਨੀ ਸੀ। ਇਸ ਤੋਂ ਛੁੱਟ ਭਗਵਾਨ ਮਹਾਵੀਰ ਦਾ ਇਕ ਚੁਮਾਸਾ ਇਲਾਕਾ ਸਿੰਧ ਤੇ ਸੌਵੀਰ ਦੇਸ਼ ਦੀ ਰਾਜਧਾਨੀ ਵੀਤ ਭੈ ਪੱਤਣ (ਅਰਥਾਤ ਭੇਰਾ) ਵੀ ਰਾਜਾ ਉਦੈਨ ਦੀ ਬੇਨਤੀ ਤੇ ਪਧਾਰੇ ਸਨ। ਇਸ ਦਾ ਜ਼ਿਕਰ ਵੀ ਭਗਵਤੀ ਸੂਤ੍ਰ ਵਿਚ ਵਿਸਤਾਰ ਸਹਿਤ ਦਿੱਤਾ ਹੈ।

ਮੁਗ਼ਲ ਕਾਲ ਵਿਚ ਸ਼੍ਵੇਤਾਂਬਰ ਸੰਪ੍ਰਦਾਯ ਦੇ ਖਰਤਰ ਗੱਛ, ਤਪਾ ਗੱਛ, ਬੜ ਗੱਛ ਅਤੇ ਲੋਕਾਗੱਛ ਦੇ ਜੈਨ ਅਚਾਰੀਆਂ ਪੂਜ ਜਤੀਆਂ ਅਤੇ ਮੁਨੀਆਂ ਦਾ ਮੁਗ਼ਲ ਬਾਦਸ਼ਾਹਾਂ ਨਾਲ ਚੰਗੇ ਸੰਬੰਧਾਂ ਦਾ ਜ਼ਿਕਰ ਇਸ ਗ੍ਰੰਥ ਵਿਚ ਇਤਿਹਾਸਿਕ ਪੱਖ ਤੋਂ ਬੜੇ ਸਪਸ਼ਟ ਤੌਰ ਤੇ ਕੀਤਾ ਗਿਆ ਹੈ। ਇਸ ਤੋਂ ਇਲਾਵਾ ਹੋਰ ਦੇਸੀ ਰਾਜੇ-ਮਹਾਰਾਜਿਆਂ ਨਾਲ ਵੀ ਜੈਨ ਜਤੀਆਂ-ਮੁਨੀਆਂ ਦੇ ਸੰਬੰਧਾਂ ਦਾ ਵੇਰਵਾ ਵੀ ਕਈ ਥਾਈਂ ਦਿੱਤਾ ਹੈ, ਜੋ ਤਾਰੀਖ਼ੀ

ਨੁਕਤਾ-ਨਿਗਾਹ ਤੋਂ ਵਿਸ਼ੇਸ਼ ਅਹਮੀਅਤ ਰਖਦਾ ਹੈ। ਜੈਨੀਆਂ ਦਾ ਦਿਗੰਬਰ ਫ਼ਿਰਕਾ ਵੀ ਜੋਕਿ ਪੰਜਾਬ ਨਾਲ ਕੁਝ ਥੋੜਾ ਸੰਬੰਧ ਰਖਦਾ ਹੈ ਅਤੇ ਹਰਿਆਣਾ ਪ੍ਰਾਂਤ ਤਕ ਹੀ ਸੀਮਿਤ ਰਿਹਾ ਹੈ, ਇਤਿਹਾਸ ਦੇ ਪੱਖੋਂ ਪੰਜਾਬ ਨਾਲ ਜੋੜ ਦਿੱਤਾ ਗਿਆ ਹੈ ਕਿਉਂਕਿ ਪੱਛਮੀ ਪੰਜਾਬ ਦੇ ਨਗਰ ਮੁਲਤਾਨ ਤੇ ਹਰਿਆਣਾ ਪ੍ਰਾਂਤ ਦੇ ਪ੍ਰਸਿਧ ਨਗਰ ਦਿੱਲੀ ਵਿਚ ਦਿਗੰਬਰ ਜੈਨ ਭਟਾਰਕਾਂ ਦੀਆਂ ਗੱਦੀਆਂ ਸਨ। ਇਨ੍ਹਾਂ ਜਤੀਆਂ ਤੇ ਭਟਾਰਕਾਂ ਨੇ ਜੈਨ ਧਰਮ ਨੂੰ ਇਥੇ ਔਖੇ ਵੇਲੇ ਸੁਰੱਖਿਅਤ ਰਖਿਆ, ਸੰਸਕ੍ਰਿਤ ਤੇ ਪ੍ਰਾਕ੍ਰਿਤ (ਅਪਭ੍ਰੰਸ਼) ਤੇ ਆਮ ਲੋਕਾਂ ਦੀ ਭਾਸ਼ਾ ਵਿਚ ਕਾਫ਼ੀ ਬਹੁ ਪੱਖੀ ਸਾਹਿਤ ਲਿਖਿਆ, ਜਿਸ ਵਿਚ ਫਗਵਾੜੇ ਦੇ ਜੈਨ ਮੇਘ ਮੁਨੀ ਦੇ ਰਚੇ ਹੋਏ ਮੇਘ ਬਿਨੋਦ ਅਤੇ ਮੇਘ ਵਿਲਾਸ ਗ੍ਰੰਥ ਹਿਕਮਤ ਦੇ ਖੇਤਰ ਵਿਚ ਹੁਣ ਵੀ ਮਸ਼ਹੂਰ ਹਨ। ਇਸ ਦੇ ਨਾਲ ਹੀ ਜੈਨ ਸਾਧਵੀ ਪਰੰਪਰਾ ਦਾ ਵਰਨਣ ਵੀ ਇਸ ਵਿਚ ਕੀਤਾ ਗਿਆ ਹੈ।

ਆਧੁਨਿਕ ਕਾਲ ਦੇ ਜੈਨ ਮੁਨੀ ਆਚਾਰੀਆਂ ਦਾ ਵਰਨਣ ਵੀ ਸਰਲ ਅਤੇ ਸ਼ੰਖੇਪ ਢੰਗ ਨਾਲ ਆਮ-ਫ਼ਹਿਮ ਪੰਜਾਬੀ ਵਿਚ ਦਿੱਤਾ ਗਿਆ ਹੈ। ਸੰਨ-ਸੰਮਤ ਇਸ ਗ੍ਰੰਥ ਵਿਚ ਈਸਵੀ ਦੇ ਨਾਲ ਬਿਕ੍ਰਮੀ ਵੀ ਦਿੱਤੇ ਗਏ ਹਨ। ਇਸ ਲਈ ਪੰਜਾਬੀ ਪਾਠਕਾਂ ਨੂੰ ਬਿਨਾ ਸੰਨ-ਸੰਮਤ ਤੋਂ ਹਰ ਥਾਵੇਂ ਬਿਕ੍ਰਮੀ ਸੰਮਤ ਹੀ ਸਮਝਣਾ ਚਾਹੀਦਾ ਹੈ।

ਪੰਜਾਬ ਅਤੇ ਪੰਜਾਬੀਅਤ ਦਾ ਕੇਂਦਰ ਲਾਹੌਰ ਰਿਹਾ ਹੈ। ਇਸ ਸ਼ਹਿਰ ਦੀ ਜੰਮ ਪਲ ਹਨ ਜਿਨ ਸ਼ਾਸਨ ਪ੍ਰਭਾਵਿਕਾ ਸਾਧਵੀ ਰਤਨ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ। ਜੋ ਆਪ ਸੰਸਕ੍ਰਿਤ, ਪ੍ਰਾਕ੍ਰਿਤ, ਉਰਦੂ ਅਤੇ ਫ਼ਾਰਸੀ ਭਾਸ਼ਾਵਾਂ ਦੇ ਚੰਗੇ ਵਿਦਵਾਨ, ਲੇਖਕ, ਵਕਤਾ ਅਤੇ ਕਵਿ ਹਨ। ਇਸ ਮਹਾਨ ਜੈਨ ਸਾਧਵੀ ਨੂੰ ਪੰਜਾਬੀ ਭਾਸ਼ਾ ਪਹਿਲੀ ਵਾਰ ਮੌਲਿਕ ਸਾਹਿਤ ਤਿਆਰ ਕਰਨ ਦਾ ਸੇਹਰਾ ਜਾਂਦਾ ਹੈ। ਸ਼੍ਰੀ ਰਵਿੰਦਰ ਕੁਮਾਰ ਜੈਨ ਅਤੇ ਸ਼੍ਰੀ ਪੁਰਸ਼ੋਤਮ ਜੈਨ ਲੇਖਕਾਂ ਦੀ ਆਪ ਸਤਿਕਾਰ ਯੋਗ ਗੁਰੂਣੀ ਅਤੇ ਪ੍ਰੇਰਿਕਾ ਹਨ। ਆਪ ਦੀ ਪ੍ਰੇਰਣਾ ਸਦਕਾ ਜੈਨਗ੍ਰੰਥਾਂ ਦਾ ਅਨੁਵਾਦ, ਲੇਖਨ ਉਪਰੋਕਤ ਧਰਮਭਰਾਵਾਂ ਵਲੋਂ ਕੀਤਾ ਜਾ ਰਿਹਾ ਹੈ। ਮੈਂ ਇਸ ਮਹਾਨ ਸ਼ਾਧਵੀ ਨੂੰ ਇਸ ਕ੍ਰਾਂਤੀਕਾਰੀ ਕਦਮ ਲਈ ਧਨਵਾਦ ਪੇਸ਼ ਕਰਦਾ ਹਾਂ।

ਪੰਜਾਬੀ ਜ਼ਬਾਨ ਵਿਚ ਇਹ ਪੁਸਤਕ ਅਪਣੇ ਢੰਗ ਦੀ ਇਕ ਨਵੀਂ ਦੇਣ ਹੈ, ਇਸ ਲਈ ਪੰਜਾਬੀ ਪਾਠਕਾਂ ਨੂੰ ਇਕ ਨਵੀਂ ਲਭਤ ਹੋਣ ਦੇ ਕਾਰਨ, ਇਸ ਦਾ ਮਨ ਬਚਨ ਕਰਮ ਤੋਂ ਸਵਾਗਤ ਕਰਨਾ ਚਾਹੀਦਾ ਹੈ ਤਾਕਿ ਵਿਦਵਾਨ ਲੇਖਕਾਂ ਦਾ ਉਤਸਾਹ ਵਧੇ ਤੇ ਉਹ ਇਸ ਸੰਬੰਧ ਵਿਚ ਹੋਰ ਵੀ ਚੰਗਾ ਸਾਹਿਤ ਮਾਂ-ਬੋਲੀ ਪੰਜਾਬੀ ਵਿਚ ਪੇਸ਼ ਕਰ ਸਕਣ।

ਗੁਆਰਾ (ਸੰਗਰੂਰ)
29-1-1985

**—ਸ਼ਮਸ਼ੇਰ ਸਿੰਘ "ਅਸ਼ੋਕ"**
(ਸਿਖ ਸਕਾਲਰ)

# ਲੇਖਕਾਂ ਵਲੋਂ

—ਰਵਿੰਦਰ ਜੈਨ, ਪੁਰਸ਼ੋਤਮ ਜੈਨ

## ਜੈਨ ਸੰਸਕ੍ਰਿਤਿ ਦੀ ਸੰਖੇਪ ਰੂਪ ਰੇਖਾ

ਭਾਰਤੀ ਸੰਸਕ੍ਰਿਤੀ ਦੀ ਵਿਚਾਰਧਾਰਾ ਨੂੰ ਪ੍ਰਮੁਖ ਰੂਪ ਵਿਚ ਅਸੀਂ ਦੋ ਭਾਗਾਂ ਵਿਚ ਵੰਡ ਸਕਦੇ ਹਾਂ (1) ਵੈਦਿਕ (2) ਸ਼੍ਰਮਣ। ਵੈਦਿਕ ਪਰੰਪਰਾ ਯੋਗ, ਵਰਨ ਆਸ਼ਰਮ, ਜਾਤ ਪਾਤ, ਦੇਵੀ ਦੇਵਤਿਆਂ ਅਤੇ ਵੇਦਾਂ ਵਿਚ ਵਿਸ਼ਵਾਸ ਰਖਦੀ ਸੀ। ਸ਼੍ਰਮਣ ਪਰੰਪਰਾ ਯੋਗ, ਧਿਆਨ, ਵਰਤ, ਕਰਮ ਵਿਚਾਰ ਧਾਰਾ, ਤਪੱਸਿਆ, ਪੁਨਰ ਜਨਮ ਨਿਰਵਾਨ ਵਿਚ ਵਿਸ਼ਵਾਸ ਰਖਦੀ ਸੀ। ਸ਼੍ਰਮਣਾਂ ਦੇ ਪ੍ਰਮੁੱਖ ਰੂਪ ਵਿਚ ਕਈ ਸੰਪਰਦਾਏ ਰਹੇ ਹਨ—ਜਿਨ੍ਹਾਂ ਵਿਚੋਂ ਜੈਨ (ਨਿਰਗਰੰਥ) ਬੋਧ, ਆਜੀਵਕ, ਗੇਰਿਕ, ਤਾਪਸ ਆਦਿ ਪ੍ਰਸਿਧ ਸਨ।[1]

ਸਾਂਖਯ ਦਰਸ਼ਨ ਵੀ ਵੈਦਿਕ ਵਿਚਾਰਧਾਰਾ ਦਾ ਪ੍ਰਮੁਖ ਵਿਰੋਧੀ ਸੀ। ਉਸ ਦਰਸ਼ਨ ਦੇ ਕਠ, ਸਵੇਤਾਸੁਵਰ, ਪ੍ਰਸ਼ਨ ਮੈਤਰਯਾਣੀ ਜੇਹੇ ਪੁਰਾਤਨ ਉਪਨਿਸ਼ਦਾਂ ਨੂੰ ਪ੍ਰਭਾਵਿਤ ਕੀਤਾ ਸੀ। ਅੱਜ ਕਲ ਗੇਰੀਕ, ਤਾਪਸ ਤਾਂ ਵੈਦਿਕ ਪਰੰਪਰਾ ਵਿਚ ਮਿਲ ਗਏ ਹਨ। ਅਜੀਵਕ ਸੰਪਰਦਾਏ ਵੀ ਅੱਜ ਕਲ ਖ਼ਤਮ ਹੋ ਗਿਆ ਹੈ। ਅੱਜ ਕਲ ਸ਼੍ਰਮਣਾਂ ਦੀਆਂ ਦੋ ਪ੍ਰਮੁਖ ਵਿਚਾਰਧਾਰਾਂ ਹੀ ਬਚ ਗਈਆਂ ਹਨ (1) ਜੈਨ ਅਤੇ (2) ਬੁਧ।

## ਜੈਨ ਤੇ ਬੁੱਧ

ਇਨ੍ਹਾਂ ਵਿਚੋਂ ਜੈਨ ਵਿਚਾਰਧਾਰਾ ਭਾਰਤ ਦੀ ਸਭ ਤੋਂ ਪੁਰਾਤਨ ਵਿਚਾਰਧਾਰਾ ਹੈ। ਇਸ ਗੱਲ ਦੀ ਗਵਾਹੀ ਹੜੱਪਾ ਤੇ ਮੋਹਨਜੋਦੜੋ ਦੀਆਂ ਸਭਿਅਤਾਵਾਂ ਦਿੰਦੀਆਂ ਹਨ।

ਵੇਦ ਸੰਸਾਰ ਦੀ ਸਭ ਤੋਂ ਪੁਰਾਤਨ ਪੁਸਤਕ ਹੈ। ਇਸ ਵਿਚੋਂ ਰਿਗ ਵੇਦ ਕਾਫ਼ੀ ਮਹੱਤਵ ਪੂਰਨ ਹੈ। ਇਸ ਵੇਦ ਵਿਚ ਉਸ ਸਮੇਂ ਦੇ ਪੁਰਾਤਨ ਧਰਮ ਦੀ ਰੂਪ ਰੇਖਾ ਦਾ ਪਤਾ ਲਗਦਾ ਹੈ। ਰਿਗਵੇਦ ਵਿਚ 'ਵਾਤਰਸਨਾ ਮੁਨੀ' ਦਾ ਵਰਨਣ ਇਸ ਪ੍ਰਕਾਰ ਮਿਲਦਾ ਹੈ "ਮੁਨੀ ਦੀ ਭਾਵਨਾ ਨਾਲ ਰੰਗੇ ਅਸੀਂ ਹਵਾ ਵਿਚ ਸਥਿਤ ਹੋ ਗਏ ਹਾਂ। ਦੋਸਤੋ ਤੁਸੀਂ ਸਾਡਾ ਸ਼ਰੀਰ ਹੀ ਵੇਖਦੇ ਹੋ"।[2]

ਇਹ ਸ਼੍ਰਮਣ ਪਹਿਲੇ ਤੀਰਥੰਕਰ ਭਗਵਾਨ ਰਿਸ਼ਵਦੇਵ ਦੇ ਚੇਲੇ ਸਨ। ਇਸ ਗੱਲ ਦਾ ਸਮਰਥਨ ਸ਼੍ਰੀਮਦ ਭਾਗਵਤ (5/3/20) ਵਿਚ ਇਸ ਪਰਕਾਰ ਮਿਲਦਾ ਹੈ "ਭਗਵਾਨ ਰਿਸ਼ਵ ਸ਼੍ਰਮਣਾ, ਰਿਸ਼ੀਆਂ ਤੇ ਬ੍ਰਹਮਚਾਰੀਆਂ ਦਾ ਧਰਮ ਪ੍ਰਗਟ ਕਰਨ ਲਈ ਸ਼ੁਕਲ ਧਿਆਨ

---

(1) ਪ੍ਰਵਚਨ ਸਾਰੋ ਦਵਾਰ ਗਾਥਾ 731-33।

(2) ਰਿਗਵੇਦ 10/11/136/2।

ਦੇ ਰੂਪ ਵਿਚ ਪ੍ਰਗਟ ਹੋਏ"।[1]

ਸ੍ਰਮਣਾਂ ਦਾ ਵਰਨਣ ਬ੍ਰਹਦ ਆਰਨਯਕ ਉਪਨਿਸ਼ਦ[2] ਤੇ ਰਮਾਇਣ[3] ਵਿਚ ਵੀ ਮਿਲਦਾ ਹੈ।

तापसा भुंजते चापि श्रमणा भुंजते तथा

ਰਿਗਵੇਦ ਵਿਚ ਸ੍ਰਮਣਾਂ ਲਈ ਕੇਸ਼ੀ ਸ਼ਬਦਾਂ ਦਾ ਵਰਨਣ ਵੀ ਮਿਲਦਾ ਹੈ। ਕੇਸ਼ੀ ਭਗਵਾਨ ਰਿਸ਼ਵਦੇਵ ਦਾ ਹੀ ਇਕ ਨਾਂ ਹੈ। ਰਿਗਵੇਦ ਵਿਚ ਕੇਸ਼ੀ ਤੇ ਰਿਸ਼ਵਦੇਵ ਦਾ ਵਰਨਣ ਇਕੱਠਾ ਹੀ ਮਿਲਦਾ ਹੈ।[4]

ਅਥਰਵਵੇਦ ਜਿਸ ਵਿਚ 'ਵਰਾਤਿਆ' (व्रात्य) ਕਾਂਡ ਦਾ ਵਰਨਣ ਹੈ ਉਸਦੀ ਤੁਲਨਾ ਭਗਵਾਨ ਰਿਸ਼ਵਦੇਵ ਦੀ ਤਪੱਸਿਆ ਨਾਲ ਕੀਤੀ ਜਾ ਸਕਦੀ ਹੈ। ਵਰਾਤਿਆ ਬਾਰੇ ਪ੍ਰਸਿਧ ਵੇਦਾਂ ਦੇ ਟੀਕਾਕਾਰ ਸ੍ਰੀ ਸਾਯਨ ਦਾ ਕਥਨ ਹੈ "ਉਹ ਵਿਦਿਆ ਨਾਲ ਭਰਪੂਰ, ਮਹਾਨ ਅਧਿਕਾਰ ਵਾਲੇ, ਪੁੰਨ ਪ੍ਰਤਾਪ ਵਾਲੇ, ਸੰਸਾਰ ਰਾਹੀਂ ਪੂਜਨ ਯੋਗ ਤੇ ਪ੍ਰਮੁਖ ਬ੍ਰਾਹਮਣ ਹਨ। ਇਹ ਵੈਦਿਕ ਸੰਸਕਾਰਾਂ ਤੋਂ ਰਹਿਤ ਹਨ"।

"ਜੇ ਕੋਈ 'ਵਰਾਤਿਆ' ਤਪੱਸਵੀ ਤੇ ਵਿਦਵਾਨ ਹੋਵੇ ਉਹ ਤਾਂ ਸਤਿਕਾਰ ਜ਼ਰੂਰ ਪਾਵੇਗਾ ਅਤੇ ਪਰਮਾਤਮਾ ਦੀ ਤਰ੍ਹਾਂ ਪੂਜਿਆ ਜਾਵੇਗਾ ਭਾਵੇਂ ਬ੍ਰਾਹਮਣ ਉਸ ਨਾਲ ਗੁੱਸਾ ਹੀ ਰੱਖਣ।"[5]

ਰਿਗਵੇਦ ਵਿਚ ਭਗਵਾਨ ਰਿਸ਼ਵਦੇਵ ਦਾ ਕਾਫ਼ੀ ਜ਼ਿਕਰ ਆਉਂਦਾ ਹੈ।[6]

ਰਿਗਵੇਦ ਵਿਚ ਸ੍ਰਮਣ ਸੰਸਕ੍ਰਿਤੀ ਦਾ ਇਕ ਬਹੁਤ ਹੀ ਪਿਆਰਾ ਸ਼ਬਦ 'ਅਰਹਨ' ਵੀ ਮਿਲਦਾ ਹੈ। ਅਰਹਨ ਤੋਂ ਭਾਵ ਹੈ ਰਾਗ ਦਵੇਸ਼ ਨੂੰ ਜਿੱਤ ਕੇ ਸਰਵੱਗ ਬਨਣ ਵਾਲਾ। ਇਹ ਸ਼ਬਦ ਆਮ ਤੌਰ ਤੇ ਤੀਰਥੰਕਰਾਂ ਲਈ ਵਰਤਿਆ ਜਾਂਦਾ ਹੈ।[7]

---

(1) धर्मान् दिर्शयिसुकामो वातरशनाँ श्रमणाणामृषीचामूर्ध्वमनेथनां शुक्लया तनुनावततार ।

(2) ਬ੍ਰਹਦਾਰ ਨਕ ਉਪਨਿਸ਼ਦ 4/3/22।

(3) ਬਾਲਕਾਂਡ ਸਰਗ 1422।

(4) ਰਿਗਵੇਦ 10/9/102/6।

(5) i) ਅਥਰਵਵੇਦ ਸਾਯਨ ਭਾਸ਼ਯ 15/1/1/1।
कञ्चिद,विद्वत्तमं
महाधिकार,पुण्यशीलं विश्वसंमान्यं ब्रह्माणविशिष्टे व्रात्यमनुलक्ष्य वचनमिति मंतव्यम् ।
ii) 15/1/1/1।

(6) ਰਿਗਵੇਦ 1/24/140/1-2 4/3315-5/2/28-4
6/1/1/8,—6/2/19/11,—10/12/166/1।

(7) ਰਿਗਵੇਦ 24/33/10।

ਵੈਦਿਕ ਲੋਕ ਵੀ 'ਅਰਹਨ' ਸ਼ਬਦ ਜੈਨ ਧਰਮ ਲਈ ਹੀ ਸਮਝਦੇ ਰਹੇ ਹਨ। 'ਹਨੂਮਾਨ ਨਾਟਕ' ਵਿਚ ਆਖਿਆ ਗਿਆ ਹੈ :

अर्हन्नियथ जैनशासणरता ।

ਆਰੀਆਂ ਦੇ ਭਾਰਤ ਆਉਣ ਤੋਂ ਪਹਿਲਾਂ ਜੋ ਜਾਤੀਆਂ ਭਾਰਤ ਵਿਚ ਰਹਿੰਦੀਆਂ ਸਨ ਉਨ੍ਹਾਂ ਵਿਚ ਨਾਗ, ਦਰਾਵਿੜ ਅਤੇ ਅਸੁਰ ਬਹੁਤ ਪ੍ਰਸਿਧ ਹਨ। ਦਾਸ ਲੋਕ ਇੰਨੇ ਵਿਕਾਸਸ਼ੀਲ ਨਹੀਂ ਸਨ। ਇਨ੍ਹਾਂ ਜਾਤੀਆਂ ਨਾਲ ਹੀ ਆਰੀਆਂ ਦੇ ਕਈ ਯੁੱਧ ਹੋਏ।

ਪੁਰਾਨਾਂ[1] ਵਿਚ ਜਗ੍ਹਾ ਜਗ੍ਹਾ ਇਹ ਲਿਖਿਆ ਗਿਆ ਹੈ ਕਿ ਅਸੁਰ ਲੋਕ ਅਰਿਹੰਤਾਂ ਦੇ ਉਪਾਸਕ ਸਨ।

ਵਿਸ਼ਨੂੰ ਪੁਰਾਣ ਵਿਚ ਮਾਯਾ ਮੋਹ ਨਾਂ ਦੇ ਜੈਨ ਭਿਕਸ਼ੂ ਨੇ ਅਸੁਰਾਂ ਨੂੰ ਅਰਿਹੰਤ ਧਰਮ ਦੀ ਦੀਖਿਆ ਦਿੱਤੀ। ਉਹ ਵੇਦਾਂ ਵਿਚ ਵਿਸ਼ਵਾਸ ਨਹੀਂ ਰਖਦਾ ਸੀ। ਉਹ ਅਨੇਕਾਂਤ ਵਾਦ ਵਿਚ ਵਿਸ਼ਵਾਸ ਰਖਦਾ ਸੀ।[2]

ਉਪਨਿਸ਼ਦਾਂ ਵਿਚ ਇਹ ਵਰਨਣ ਵੀ ਕੀਤਾ ਗਿਆ ਹੈ ਕਿ ਆਤਮ ਵਿਦਿਆ ਦੇ ਮਾਲਿਕ ਸਭ ਤੋਂ ਪਹਿਲਾਂ ਖਤਰੀ ਸਨ। ਇਨ੍ਹਾਂ ਖਤਰੀਆਂ ਦੇ ਮੁਖੀ ਦਾ ਨਾਂ ਹੀ ਰਿਸ਼ਵ-ਦੇਵ ਸੀ[3] ਜੋ ਨਾਭੀ ਤੇ ਮਰੂਦੇਵੀ ਦੇ ਪੁੱਤਰ ਸਨ। ਇਹ ਆਤਮ ਵਿਦਿਆ ਯੱਗ, ਜਾਤ ਪਾਤ ਤੋਂ ਰਹਿਤ ਸੀ। ਇਸ ਵਿਦਿਆ ਵਿਚ ਧਿਆਨ ਤੇ ਤਪੱਸਿਆ ਹੀ ਪ੍ਰਧਾਨ ਸੀ।

ਵੇਦ ਤੇ ਉਪਨਿਸ਼ਦਾਂ ਤੋਂ ਛੁੱਟ ਮਹਾਭਾਰਤ ਵਿਚ ਵੀ ਭਗਵਾਨ ਰਿਸ਼ਵਦੇਵ ਦਾ ਵਰਨਣ ਹੈ।[4]

---

(1) ਵਿਸ਼ਨੂੰ ਪੁਰਾਣ 3/17/18।
ਪਦਮ ਪੁਰਾਨ ਸ੍ਰਿਸ਼ਟੀ ਖੰਡ ਅਧਿਆਏ 13 170-410।
ਮਤਸਯ ਪੁਰਾਨ 24/43-49।
ਦੇਵੀ ਭਾਗਵਤ 4/13/54-57।

(2) ਵਿਸ਼ਨੂੰ ਪੁਰਾਨ 3/18/12—13-14—3/18/27
3/18/25—3/18/28-29—3/18/8-11।

(3) ੳ) ਵਾਯੂ ਪੁਰਾਣ ਪੂਰਵ ਅਰਧ ਅਨੁਸ਼ਪਾਦ 14/60।

(4) ऋषभादीना महायोगिनामाचारे
दृष्टव अर्हतादयो मोहिता
ਮਹਾਭਾਰਤ ਸ਼ਾਂਤੀ ਪੂਰਵ ਮੋਕਸ਼ ਧਰਮ ਅਧਿਆਏ 263/20।

## ਜੈਨ ਤੀਰਥੰਕਰ

ਜੈਨ ਪਰੰਪਰਾ ਵਿਚ 24 ਤੀਰਥੰਕਰ ਮੰਨੇ ਜਾਂਦੇ ਹਨ। ਕਈ ਇਤਿਹਾਸਕਾਰ ਉਨ੍ਹਾਂ ਦੀ ਹੋਂਦ ਬਾਰੇ ਸ਼ਕ ਪ੍ਰਗਟ ਕਰਦੇ ਹਨ। ਕਈ ਲੋਕ ਜੈਨ ਤੇ ਬੁੱਧ ਧਰਮ ਨੂੰ ਵੈਦਿਕ ਧਰਮ ਵਿਰੁਧ ਇਕ ਬਗ਼ਾਵਤ ਸਮਝਦੇ ਹਨ। ਕਈ ਲੋਕ ਮਹਾਵੀਰ ਨੂੰ ਗੌਤਮ ਬੁੱਧ ਦਾ ਚੇਲਾ ਜਾਂ ਗੌਤਮ ਬੁੱਧ ਨੂੰ ਮਹਾਵੀਰ ਦਾ ਚੇਲਾ ਆਖਦੇ ਹਨ।

ਜੈਨ ਧਰਮ ਵਿਚ 6 ਆਰੇ ਮੰਨੇ ਜਾਂਦੇ ਹਨ। ਹਰ ਯੁਗ ਵਿਚ ਚੌਵੀ ਤੀਰਥੰਕਰ ਹੁੰਦੇ ਹਨ। ਵਰਤਮਾਨ ਸਮੇਂ ਹੋਏ ਤੀਰਥੰਕਰਾਂ ਬਾਰੇ ਜਿਥੇ ਵੇਦਾਂ ਵਿਚ ਵਰਨਣ ਮਿਲਦਾ ਹੈ ਉਥੇ ਪੁਰਾਣਾਂ[1] ਮਹਾਭਾਰਤ[2] ਤੇ ਬੋਧੀ ਗਰੰਥਾਂ ਵਿਚ ਕਾਫ਼ੀ ਜਾਨਕਾਰੀ ਮਿਲਦੀ ਹੈ ਡਾ: ਰਾਧਾ ਕ੍ਰਿਸ਼ਨ ਨੇ ਯਜੁਰਵੇਦ ਵਿਚ ਰਿਸ਼ਵ ਅਜੀਤ ਅਤੇ ਅਰਿਸ਼ਟਨੇਮੀ ਦੀ ਹੋਂਦ ਦੀ ਸੂਚਨਾ ਦਿੱਤੀ ਹੈ।

ਬੋਧ ਗ੍ਰੰਥ ਅਗੁੰਤਰਨਿਕਾਏ ਵਿਚ ਅਰਕ ਨਾਮ ਦੇ ਤੀਰਥੰਕਰ ਦਾ ਵਰਨਣ ਹੈ[2]। ਇਸੇ ਪ੍ਰਕਾਰ ਬੁਧ ਥੇਰਗਾਥਾ ਵਿਚ ਅਜੀਤ ਨਾਂ ਦੇ ਪ੍ਰਤਯੇਕ ਬੁਧ ਦਾ ਵਰਨਣ ਹੈ।[3]

ਬੋਧ ਪਿਟਕਾਂ ਗਰੰਥਾਂ ਵਿਚ ਭਗਵਾਨ ਪਾਰਸ਼ ਨਾਥ ਦੇ ਚਤੁਰਯਾਮ ਧਰਮ ਦਾ ਵਰਨਣ ਹੈ। ਇਸ ਗਰੰਥ ਵਿਚ ਭਗਵਾਨ ਮਹਾਵੀਰ ਨੂੰ ਨਿਗਠੇ ਨਾਯ ਪੁਤ (ਨਿਰਗਰੰਥ ਗਿਆਤਾ ਪੁਤਰ) ਪੰਜਵੇਂ ਤੀਰਥੰਕਰ ਦੇ ਰੂਪ ਵਿਚ ਕਈ ਥਾਂ ਤੇ ਸਤਿਕਾਰ ਨਾਲ ਯਾਦ ਕੀਤਾ ਗਿਆ ਹੈ।

'ਸੋਰਸ਼ਨ' ਨੇ ਮਹਾਭਾਰਤ ਦੇ ਖਾਸ ਨਾਮਾਂ ਦਾ ਇਕ ਕੋਸ਼ ਬਨਾਇਆ ਹੈ। ਜਿਸ ਵਿਚ ਸੁਪਾਰਸ਼ਵ, ਚੰਦਰ ਤੇ ਸੁਮਤੀ ਤਿੰਨ ਤੀਰਥੰਕਰਾਂ ਦੇ ਨਾਵਾਂ ਦੀ ਸੂਚਨਾ ਮਿਲਦੀ ਹੈ। ਇਥੇ ਇਹ ਗੱਲ ਧਿਆਨ ਦੇਨ ਯੋਗ ਹੈ ਕਿ ਇਹ ਤਿੰਨੇ ਹੀ ਅਸੁਰ ਸਨ ਜੋ ਕਿ ਅਰਿਹੰਤ ਧਰਮ ਦੇ ਉਪਾਸਕ ਸਨ। ਇਨ੍ਹਾਂ ਤਿੰਨਾਂ ਨੂੰ ਅਹਿੰਸਾ ਦਾ ਅਵਤਾਰ ਮੰਨਿਆ ਗਿਆ ਹੈ। ਸੁਮਤੀ ਨਾਂ ਦੇ ਇਕ ਰਿਸ਼ੀ ਦਾ ਵਰਨਣ ਵੀ ਆਇਆ ਹੈ।

ਭਾਗਵਤ ਵਿੱਚ ਰਿਸ਼ਰਦੇਵ ਨੂੰ ਵਿਸ਼ਨੂੰ ਦਾ ਅਵਤਾਰ ਮੰਨਿਆ ਗਿਆ ਹੈ। ਅਵਤਾਰ ਦੇ ਰੂਪ ਵਿੱਚ ਤਾਂ ਨਹੀ, ਪਰ ਸ਼ਿਵ ਦੇ ਜੋ ਹਜ਼ਾਰਾਂ ਨਾਂ ਮਹਾਭਾਰਤ ਵਿੱਚ ਦਰਜ ਹਨ ਉਨ੍ਹਾਂ ਵਿਚ ਵਿਸ਼ਨੂੰ ਦੇ ਸ਼ਰੇਅੰਸ, ਅਨੰਤ, ਧਰਮ, ਸ਼ਾਂਤੀ ਤੇ ਸ਼ੰਭਵ ਨਾਂ ਵੀ ਦਿੱਤੇ ਗਏ ਹਨ। ਸ਼ਿਵ ਦੇ ਨਾਉਂ ਵਿੱਚ ਅਜਿਤ ਤੇ ਰਿਸ਼ਵ ਦੇ ਨਾਉਂ ਆਉਂਦੇ ਹਨ ਜੋ ਸ਼ਭ ਤੀਰ-ਥੰਕਰਾਂ ਦੇ ਨਾਉਂ ਹਨ।[4]

---

(1) ਜੈ: ਸਾ: ਈ: ਪੁ: ਪੰਨਾ 108।

(2) ਦੀਰਘ ਨਿਕਾਏ 1/1 (5-15) 1/2 (21)

(3) ਥੇਰ ਗਾਥਾ (1-20)।

(4) ਜੈਨ ਸਾਹਿਤ ਦਾ ਇਤਿਹਾਸ ਭਾਗ: । ਪੰਨਾ ਨੂੰ3-24 -25।

"ਸ਼ਾਂਤੀ" ਵਿਸ਼ਨੂੰ ਦਾ ਨਾਂ ਵੀ ਕਿਹਾ ਗਿਆ ਹੈ। ਵਿਸ਼ਨੂੰ ਤੇ ਸ਼ਿਵ ਦਾ ਨਾਂ 'ਸੁਵਰਤ' ਵੀ ਹੈ। ਇਹ ਸਭ ਤੀਰਥੰਕਰਾਂ ਦੇ ਨਾਉਂ ਵੀ ਹਨ। ਇਨ੍ਹਾਂ ਨਾਵਾਂ ਦੀ ਮਹਾਨਤਾ ਇਸ ਕਰਕੇ ਬਹੁਤ ਹੈ ਕਿਉਂਕਿ ਇਹ ਵੇਦ ਵਿਰੋਧੀ, ਅਸੁਰ ਸਨ। ਪੁਰਾਣਾਂ ਅਨੁਸਾਰ ਅਸੁਰ ਜੈਨ ਧਰਮ ਦੇ ਜਾਂ ਅਰਿਹੰਤਾਂ ਦੇ ਉਪਾਸਕ ਸਨ।

ਚੌਬੀਸ ਤੀਰਥੰਕਰਾਂ ਤੋਂ ਭਾਵ ਹੈ ਧਰਮ ਰੂਪ ਤੀਰਥ ਦੀ ਸਥਾਪਨਾ ਕਰਨ ਵਾਲਾ। ਇਹ ਜੈਨ ਧਰਮ ਦਾ ਪਰਿਭਾਸ਼ਕ ਸ਼ਬਦ ਹੈ। ਇਕ ਯੁਗ ਵਿਚ ਭਰਤ ਖੰਡ ਵਿਚ 24 ਤੀਰਥੰਕਰ ਹੁੰਦੇ ਹਨ। ਤੀਰਥੰਕਰ ਕਰਮ ਅਪਣੇ ਪਿਛਲੇ ਜਨਮਾਂ ਦੇ ਸ਼ੁਭ ਕਰਮਾਂ ਦਾ ਫਲ ਹੈ। ਤੀਰਥੰਕਰ ਜਨਮ ਤੋਂ ਕੁਝ ਖ਼ਾਸ ਸ਼ਰੀਰਕ ਅਤੇ ਆਤਮਿਕ ਗੁਣਾਂ ਦੇ ਮਾਲਿਕ ਹੁੰਦੇ ਹਨ। ਤੀਰਥੰਕਰ ਹਮੇਸ਼ਾ ਰਾਜ ਕੁਲ ਵਿਚ ਜਨਮ ਲੈਂਦੇ ਹਨ। ਗਰਭ ਵਿਚ ਤਿੰਨ ਗਿਆਨ ਦੇ ਧਾਰਕ ਹੁੰਦੇ ਹਨ। ਤੀਰਥੰਕਰ ਦੀ ਮਾਤਾ 14 ਜਾਂ 16 ਸ਼ੁਭ ਸੁਪਨੇ ਵੇਖਦੀ ਹੈ। ਤੀਰਥੰਕਰ ਇਸੇ ਜਨਮ ਵਿਚ 5ਵਾਂ ਕੇਵਲ ਗਿਆਨ ਹਾਸਲ ਕਰਕੇ ਜਨਮ ਮਰਨ ਦਾ ਚੱਕਰ ਖਤਮ ਕਰਕੇ ਸਿੱਧ ਜਾਂ ਪਰਮਾਤਮਾ ਅਵਸਥਾ ਪ੍ਰਾਪਤ ਕਰਦੇ ਹਨ। ਤੀਰਥੰਕਰਾਂ ਦੇ ਗਰਭ, ਜਨਮ, ਦਾਖਿਆ, ਗਿਆਨ ਅਤੇ ਨਿਰਵਾਨ ਸਮੇਂ ਮਨੁੱਖਾਂ ਤੋਂ ਛੁੱਟ ਦੇਵੀ ਦੇਵਤੇ ਸਵਰਗਾਂ ਦੇ ਸੁਖ ਛੱਡ ਕੇ ਧਰਤੀ ਤੇ ਜਸ਼ਨ ਮਨਾਉਂਦੇ ਹਨ।

## ਪੁਰਾਤਨ ਜੈਨ ਸਾਹਿਤ


ਜੈਨ ਧਰਮ ਦੇ ਦੋ ਪ੍ਰਮੁਖ ਫ਼ਿਰਕੇ ਹਨ ਸ਼ਵੇਤਾਂਬਰ ਤੇ ਦਿਗੰਬਰ। ਸ਼ਵੇਤਾਂਬਰ ਪੁਰਾਤਨ ਜੈਨ ਆਗਮ ਨੂੰ ਭਗਵਾਨ ਮਹਾਵੀਰ ਦੀ ਬਾਣੀ ਮੰਨਦੇ ਹਨ। ਦਿਗੰਬਰ ਜੈਨ ਸਿਧਾਂਤਾਂ ਅਨੁਸਾਰ ਦਿਗੰਬਰ ਅਚਾਰੀਆਂ ਰਾਹੀਂ ਰਚੇ ਪ੍ਰਾਕ੍ਰਿਤ, ਸੰਸਕ੍ਰਿਤ ਅਤੇ ਅਪਭ੍ਰੰਸ਼ ਸਾਹਿਤ ਨੂੰ ਪੁਰਾਤਨ ਜੈਨ ਆਗਮਾਂ ਦੀ ਤਰ੍ਹਾਂ ਮੰਨਦੇ ਹਨ। ਸ਼ਵੇਤਾਂਬਰ ਜੈਨ ਸਾਹਿਤ ਦੀ ਮੂਲ ਭਾਸ਼ਾ ਉਸ ਸਮੇਂ ਦੀ ਲੋਕ ਭਾਸ਼ਾ ਅਰਧ ਮਾਗਧੀ ਹੈ।

ਦੋਵੇਂ ਫ਼ਿਰਕੇ 14 ਪੂਰਵਾਂ ਦੀ ਪਰੰਪਰਾ ਨੂੰ ਮੰਨਦੇ ਹਨ ਜੋ ਕਿ ਨਸ਼ਟ ਹੋ ਚੁਕੇ ਹਨ। ਦਿਗੰਬਰ ਫ਼ਿਰਕੇ ਵਾਲੇ ਸ਼ਵੇਤਾਂਬਰ ਪਰੰਪਰਾ ਵਾਲੇ 12 ਅੰਗਾਂ ਦੇ ਨਾਂ ਨੂੰ ਹੀ ਮੰਨਦੇ ਹਨ ਅੰਦਰਲੇ ਵਿਸ਼ੇ ਨੂੰ ਨਹੀਂ। ਦੋਵੇਂ ਫ਼ਿਰਕੇ ਇਕ ਗੱਲ ਤੇ ਸਹਿਮਤ ਹਨ ਕਿ ਪੁਰਾਤਨ ਜੈਨ ਸਾਹਿਤ ਕਾਫ਼ੀ ਨਸ਼ਟ ਹੋ ਚੁਕਿਆ ਹੈ।

ਸ਼ਵੇਤਾਂਬਰ ਪਰੰਪਰਾ ਅਨੁਸਾਰ ਪੁਰਾਤਨ ਜੈਨ ਸਾਹਿਤ ਵਿਚ ਇਕਸੁਰਤਾ ਲਿਆਉਣ ਲਈ ਅਜ ਤਕ ਪੰਜ ਕਾਨਫ਼ਰੰਸਾਂ ਹੋ ਚੁਕੀਆਂ ਹਨ। ਇਸ ਨੂੰ ਵਾਚਨਾ ਆਖਦੇ ਹਨ। ਪਹਿਲੀ ਵਾਚਨਾ ਪਾਟਲੀਪੁਤਰ ਵਿਖੇ ਮਹਾਂਵੀਰ ਸੰਮਤ 160 ਦੇ ਕਰੀਬ ਸਥੂਲੀਭੱਦਰ ਦੀ ਪ੍ਰਧਾਨਗੀ ਹੇਠ ਹੋਈ। ਉਸ ਸਮੇਂ ਜੈਨ ਧਰਮ ਦੇ ਦੋ ਸ਼ਵੇਤਾਂਬਰ ਦਿਗੰਬਰ ਰੂਪ ਪ੍ਰਗਟ ਹੋ ਗਏ। ਦੂਸਰੀ ਵਾਚਨਾ ਈ. ਪੂਰਵ (175-182) ਨੂੰ ਰਾਜਾ ਖਾਰਵੇਲ ਦੀ

ਦਿਲਚਸਪੀ ਕਾਰਨ ਹਾਥੀ ਗੁਫ਼ਾ ਕੁਮਾਰੀ ਪਰਵਤ (ਉੜੀਸਾ) ਵਿਖੇ ਹੋਈ। ਇਸ ਬਾਰੇ ਮਹਾਰਾਜਾ ਖਾਰਵੇਲ ਦਾ ਸ਼ਿਲਾਲੇਖ ਪ੍ਰਸਿਧ ਹੈ। ਤੀਸਰੀ ਵਾਚਨਾ ਮਹਾਵੀਰ ਨਿਰਵਾਨ ਸੰਮਤ 827 ਅਤੇ 840 ਦੇ ਵਿਚਕਾਰ ਅਚਾਰੀਆ ਸੰਕਦਿਲ ਦੀ ਪ੍ਰਧਾਨਗੀ ਹੇਠ ਮਥੁਰਾ ਵਿਖੇ ਹੋਈ। ਚੌਥੀ ਵਾਚਨਾ ਮਹਾਵੀਰ ਸੰਮਤ 827-840 ਵਿਚਕਾਰ ਅਚਾਰੀਆ ਨਾਗਾਰਜੁਨ ਦੀ ਪ੍ਰਧਾਨਗੀ ਹੇਠ ਬਲਭੀ (ਗੁਜਰਾਤ) ਵਿਖੇ ਹੋਈ।

ਪੰਜਵੀਂ ਅਤੇ ਆਖਰੀ ਵਾਚਨਾ ਬਲਭੀ ਵਿਖੇ ਅਚਾਰੀਆ ਦੇਵਾਅਰਧੀ ਗਣੀ ਕਸ਼ਮਾਸ਼੍ਰਮਣਾ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿਚ ਬਚੇ ਖੁਚੇ ਆਗਮਾਂ ਨੂੰ 45 ਜਿਲਦਾਂ ਵਿਚ ਲਿਖ ਲਿਆ ਗਿਆ। ਦਿਗੰਬਰ ਪਰੰਪਰਾ ਸ਼ਵੇਤਾਂਬਰ ਆਗਮਾਂ ਨੂੰ ਨਹੀਂ ਮੰਨਦੀ।



# 24 ਤੀਰਥੰਕਰਾਂ ਦੇ ਸ਼ੁਭ ਨਾਂ

| ਲੜੀ ਨੰ: | ਤੀਰਥੰਕਰਾਂ ਦੇ ਨਾਂ | ਜਨਮ ਸਥਾਨ | ਮਾਤਾ (ਰਾਣੀ) | ਪਿਤਾ (ਰਾਜਾ) | ਚਿਨ | ਕੇਵਲ ਗਿਆਨ | ਮੁਕਤੀਸਥਾਨ |
|---|---|---|---|---|---|---|---|
| 1 | ਸ਼੍ਰੀ ਰਿਸ਼ਵ ਦੇਵ ਜੀ | ਅਯੋਧਿਆ | ਮਰੂ ਦੇਵੀ | ਨਾਭੀ | ਬਲਦ | ਅਯੋਧਿਆ | ਅਸਟਾਪੱਦ! |
| 2 | ਸ਼੍ਰੀ ਅਜੀਤਨਾਥ ਜੀ | ਆਯੋਧਿਆ | ਵਿਜੈ | ਜਿੱਤਸ਼ਤਰੂ | ਹਾਥੀ | ਅਯੋਧਿਆ | ਸਮੇਤ ਸਿਖਰ |
| 3 | ਸ਼੍ਰੀ ਸੰਭਵ ਨਾਥ ਜੀ | ਸ਼੍ਰਾਵਸਤੀ | ਸੈਨਾ | ਜਿਤਾਰੀ | ਘੋੜਾ | ਸ਼੍ਰਾਵਸਤੀ | ,, |
| 4 | ਸ਼੍ਰੀ ਅਭਿਨੰਦਨ ਜੀ | ਅਯੋਧਿਆ | ਸਿਧਾਰਥਾ | ਸੰਬਰ | ਬਾਂਦਰ | ਅਯੋਧਿਆ | ,, |
| 5 | ਸ਼੍ਰੀ ਸੁਮਤਿਨਾਥ ਜੀ | ਅਯੋਧਿਆ | ਸੁਮੰਗਲਾ | ਮੇਘਰਥ | ਕਰੌਚ | ਅਯੋਧਿਆ | ,, |
| 6 | ਸ਼੍ਰੀ ਪਦਮਪ੍ਰਭ ਜੀ | ਕੌਸਾਂਬੀ | ਸੁਮਿਤਰਾ | ਸ਼੍ਰੀ ਧਰ | ਕਮਲ | ਕੌਸਾਂਬੀ | ,, |
| 7 | ਸ਼੍ਰੀ ਸੁਪਾਰਸਵਨਾਥ ਜੀ | ਬਾਰਾਣਸੀ | ਪ੍ਰਿਥਵੀ | ਪ੍ਰਤਿਸਭ | ਸਵਾਸਤਿਕ | ਬਾਰਾਣਸੀ | ,, |
| 8 | ਸ਼੍ਰੀ ਚੰਦਰ ਪ੍ਰਭੂ ਜੀ | ਚੰਦਰਪੁਰੀ | ਲਕਸਮਣਾ | ਮਹਾਸੇਨ | ਚੰਦਰਮਾ | ਚੰਦਰਪੁਰੀ | ,, |
| 9 | ਸ਼੍ਰੀ ਸੁਵਿਧਿਨਾਥ ਜੀ | ਕਾਕੰਦੀ | ਰਾਮਾਦੇਵੀ | ਸੁਗਰੀਵ | ਮੱਤਸਾਨ | ਕਾਕੰਦੀ | ,, |
| 10 | ਸ਼੍ਰੀ ਸ਼ੀਤਲਨਾਥ ਜੀ | ਭਦਿਲਪੁਰ | ਨੰਦਾ ਦੇਵੀ | ਦਰਿੜਰਥ | ਸ਼੍ਰੀ ਵਤਸ | ਭਦਿਲਪੁਰ | ,, |
| 11 | ਸ਼੍ਰੀ ਸ਼ਰੇਆਂਸਨਾਥ ਜੀ | ਸਿੰਹਪੁਰ | ਵਿਸਨੂੰ | ਵਿਸਨੂੰ | ਗੈਂਡਾ | ਸ਼ਿੰਹਪੁਰ | ,, |
| 12 | ਸ਼੍ਰੀ ਵਾਸੂ ਪੂਜ ਜੀ | ਚੰਪਾਪੁਰ | ਜੈ | ਵਾਸੂਪੂਜ | ਭੈਂਸ | ਚੰਪਾਪੁਰ | ਚੰਪਾਪੁਰੀ |
| 13 | ਸ਼੍ਰੀ ਵਿਮਲਨਾਥ ਜੀ | ਕਪਿਲਪੁਰ | ਸਿਆਮਾ | ਕਿਤਵਰਮਾ | ਸੂਅਰ | ਕਪਿਲਪੁਰ | ,, |
| 14 | ਸ਼੍ਰੀ ਅਨੰਤਨਾਥ ਜੀ | ਅਯੋਧਿਆ | ਸੁਯਸ਼ਾ | ਸਿਹਸੇਨ | ਸਿਕਰ | ਅਯੋਧਿਆ | ,, |
| 15 | ਸ਼੍ਰੀ ਧਰਮਨਾਥ ਜੀ | ਰਤਨਪੁਰੀ | ਸਵਰਤਾ | ਭਾਣੂ | ਬੱਜਰ | ਰਤਨਪੁਰੀ | ,, |
| 16 | ਸ਼੍ਰੀ ਸਾਂਤੀਨਾਥ ਜੀ | ਹਸਤਨਾਪੁਰ | ਅਚਿਰਾ | ਵਿਸ਼ਵਸੇਨ | ਮਿਰਗ | ਹਸਤਨਾਪੁਰ | ,, |
| 17 | ਸ਼੍ਰੀ ਕੁੰਥੂਨਾਥ ਜੀ | ਹਸਤਨਾਪੁਰ | ਸ਼੍ਰੀ | ਸੂਰ | ਬਕਰਾ | ਹਸਤਨਾਪੁਰ | ,, |
| 18 | ਸ਼੍ਰੀ ਅਰਤਨਾਥ ਜੀ | ਹਸਤਨਾਪੁਰ | ਦੇਵੀ | ਸੁਦਰਸ਼ਨਾ | ਨੰਦਾਵਰਤ | ਹਸਤਨਾਪੁਰ | ,, |
| 19 | ਸ਼੍ਰੀ ਮੱਲੀ ਸਵਾਮੀ ਜੀ | ਮਿਥਿਲਾ | ਪ੍ਰਭਾਵਤੀ | ਕੁੰਭ | ਘੜਾ | ਮਿਥਿਲਾ | ,, |
| 20 | ਮੁਨੀ ਸੁਵਰਤ ਸਵਾਮੀ | ਰਾਜਗ੍ਰਿਹਿ | ਪਦਮਾ | ਸਮਿਤੱਰ | ਕੱਛ | ਰਾਜ਼ਗ੍ਰਿਹਿ | ,, |
| 21 | ਸ਼੍ਰੀ ਨਮੀਨਾਥ ਜੀ | ਮਿਥਿਲਾ | ਵਿਪੁਰਾ | ਵਿਜੈ | ਨੀਲਕਮਲ | ਮਿਥਿਲਾ | ,, |
| 22 | ਸ਼੍ਰੀ ਅਰਿਸ਼ਟਨੇਮੀ ਜੀ | ਸੰਰਿਪੁਰ | ਸਿਵਾ | ਸਮੁੰਦਰ ਵਿਜੇ | ਸ਼ੰਖ | ਗਿਰਨਾਰ | ਗਿਰਨਾਰ |
| 23 | ਸ਼੍ਰੀ ਪਾਰਸ਼ਵਨਾਥ ਜੀ | ਬਾਰਾਣਸੀ | ਵਾਮਾ | ਅਸਵ ਸੈਨ | ਸੱਪ | ਗਿਰਨਾਰ | ਸਮੇਤਸਿਖਰ |
| 24 | ਸ਼੍ਰੀ ਵਰਧਮਾਨ ਮਹਾਵੀਰ ਜੀ | ਖਤਰੀ ਕੁੰਡਪੁਰ | ਤਿਰਸ਼ਲਾ | ਸਿਧਾਰਥਾ | ਸ਼ੇਰ | ਰਿਜੁਬਾਲਕਾ | ਪਾਵਾਪੁਰੀ |